# ਭਰਮ

## ਭਾਗ–3

ਜਦ ਇਹ 'ਭਰਮ–ਮਈ' ਸੰਸਾਰ ਅਥਵਾ 'ਭਰਮ–ਗੜ੍ਹ' ਹੀ ਚਲਾਇਮਾਨ, ਬਦਲਵਾਂ ਅਤੇ 'ਕੂੜ' ਹੈ, ਤਾਂ ਇਸ ਵਿਚ ਪ੍ਰਵਿਰਤ ਦਿਮਾਗੀ —

ਖਿਆਲ
ਸਮਝ
ਵਲਵਲੇ
ਨਿਰਨੇ
ਵਿਸ਼ਵਾਸ

ਆਦਿ, ਭੀ —

ਓਪਰੇ
ਅਧੂਰੇ
ਫੋਕੇ
ਧੁੰਧਲੇ
ਭਰਮ–ਮਈ
ਕੂੜ

ਹੀ ਹੁੰਦੇ ਹਨ ।

ਕੂੜੁ ਰਾਜਾ ਕੂੜੁ ਪਰਜਾ ਕੂੜੁ ਸਭੁ ਸੰਸਾਰੁ ॥
ਕੂੜੁ ਮੰਡਪ ਕੂੜੁ ਮਾੜੀ ਕੂੜੁ ਬੈਸਣਹਾਰੁ ॥
ਕੂੜੁ ਸੁਇਨਾ ਕੂੜੁ ਰੁਪਾ ਕੂੜੁ ਪੈਨ੍ਣਹਾਰੁ ॥
ਕੂੜੁ ਕਾਇਆ ਕੂੜੁ ਕਪੜੁ ਕੂੜੁ ਰੂਪੁ ਅਪਾਰੁ ॥
ਕੂੜੁ ਮੀਆ ਕੂੜੁ ਬੀਬੀ ਖਪਿ ਹੋਏ ਖਾਰੁ ॥
ਕੂੜਿ ਕੂੜੈ ਨੇਹੁ ਲਗਾ ਵਿਸਰਿਆ ਕਰਤਾਰੁ ॥ (ਪੰਨਾ–468)

ਇਸੇ ਲਈ ਐਸੀ ਭਰਮ–ਮਈ ਕੂੜੀ ਬੁੱਧੀ ਦੁਆਰਾ ਪ੍ਰਾਪਤ ਕੀਤੇ ਹੋਏ—

ਸੁਖ
ਮਨੋਰੰਜਨ
ਰਸ-ਕਸ
ਸਿਆਣਪਾਂ
ਗਿਆਨ
ਪਰਮਾਰਥ

ਭੀ—

ਭਰਮ-ਮਈ
ਅਧੂਰੇ
ਅਪੂਰਨ
ਅਨਿਸਚਿਤ
ਕੂੜੇ

ਹੀ ਹੁੰਦੇ ਹਨ।

ਜਗਤ ਸੁਖ ਮਾਨੁ ਮਿਥਿਆ ਝੂਠੋ ਸਭ ਸਾਜੁ ਹੈ ॥ (ਪੰਨਾ-1352)

ਗਿਆਨੁ ਗਿਆਨੁ ਕਥੈ ਸਭੁ ਕੋਈ ॥
ਕਥਿ ਕਥਿ ਬਾਦੁ ਕਰੇ ਦੁਖੁ ਹੋਈ ॥ (ਪੰਨਾ-831)

ਐਸੀ ਭਰਮ-ਮਈ ਬੁੱਧੀ ਨਾਲ ਘੜੀ ਹੋਈ ਸਾਡੀ 'ਜੀਵਨ-ਸੇਧ' ਅਥਵਾ ਸਮੁੱਚਾ ਜੀਵਨ ਭੀ ਅਪੂਰਨ, ਬਦਲਵਾਂ, ਕੂੜਾ ਅਤੇ ਦੁਖ ਰੂਪ ਹੀ ਹੈ।

ਮਨਮੁਖਿ ਭਰਮਿ ਭੁਲੈ ਸੰਸਾਰੁ ॥ (ਪੰਨਾ-363)

ਸਾਧੋ ਇਹੁ ਜਗੁ ਭਰਮ ਭੁਲਾਨਾ ॥
ਰਾਮ ਨਾਮ ਕਾ ਸਿਮਰਨੁ ਛੋਡਿਆ ਮਾਇਆ ਹਾਥਿ ਬਿਕਾਨਾ ॥
ਮਾਤ ਪਿਤਾ ਭਾਈ ਸੁਤ ਬਨਿਤਾ ਤਾ ਕੈ ਰਸਿ ਲਪਟਾਨਾ ॥
ਜੋਬਨੁ ਧਨੁ ਪ੍ਰਭਤਾ ਕੈ ਮਦ ਮੈ ਅਹਿਨਿਸਿ ਰਹੈ ਦਿਵਾਨਾ ॥ (ਪੰਨਾ-684)

ਅਕਾਲ ਪੁਰਖ ਨੇ ਆਤਮਿਕ ਮੰਡਲ ਅਤੇ ਮਾਇਕੀ ਮੰਡਲ ਅੱਡੋ-ਅੱਡ ਅਤੇ ਵਿਰੋਧੀ ਸਾਜੇ ਹਨ। 84 ਲੱਖ ਜੂਨਾਂ ਵਿਚੋਂ ਸਿਰਫ ਇਨਸਾਨ ਨੂੰ ਹੀ 'ਤੀਖਣ ਬੁੱਧੀ' ਅਤੇ 'ਆਜ਼ਾਦੀ' ਦਿਤੀ ਹੈ, ਤਾਂ ਕਿ ਉਹ ਆਪਣੀ ਬਿਬੇਕ ਬੁੱਧੀ ਨਾਲ ਇਹਨਾਂ ਦੋਹਾਂ ਮੰਡਲਾਂ ਨੂੰ ਸਮਝ ਕੇ ਨਿਰਨਾ ਅਤੇ ਚੁਣੌਤੀ ਕਰ ਸਕੇ ਅਤੇ ਆਪਣੀ ਸਹੀ 'ਜੀਵਨ ਸੇਧ' ਬਣਾ ਕੇ ਆਪਣਾ ਜੀਵਨ ਸਫਲ ਕਰ ਸਕੇ। ਇਸ ਮਹੱਤਵ ਪੂਰਨ ਨਿਰਨੇ ਅਤੇ

ਚੁਣੌਤੀ ਕਰਣ ਵਿੱਚ ਅਗਵਾਈ ਅਤੇ ਸਹਾਇਤਾ ਲਈ ਅਕਾਲ ਪੁਰਖ ਨੇ ਸਮੇਂ-ਸਮੇਂ ਸਿਰ, ਗੁਰੂ, ਅਵਤਾਰ, ਪੀਰ, ਭਗਤ, ਮਹਾਂਪੁਰਖ ਆਦਿ ਜਗ ਵਿਚ ਪਠਾਏ, ਜਿਨ੍ਹਾਂ ਨੇ ਆਪਣੇ ਜੀਵਨ ਦੁਆਰਾ ਜਨਤਾ ਨੂੰ ਸਹੀ ਆਤਮਿਕ ਜੀਵਨਸੇਧ ਦੇ ਕੇ, ਮਾਇਕੀ 'ਭਰਮ-ਗੜ੍ਹ' ਵਿਚੋਂ ਨਿਕਲਣ ਦੀ ਪ੍ਰੇਰਨਾ ਅਤੇ ਅਗਵਾਈ ਕੀਤੀ ਅਤੇ ਆਪਣੇ ਪਿਛੋਂ ਜਨਤਾ ਦੀ ਅਗਵਾਈ ਅਤੇ ਸਹਾਇਤਾ ਲਈ ਆਪੋ-ਆਪਣੀਆਂ ਬਾਣੀਆਂ ਛੱਡ ਗਏ ।

ਪਰ ਇਹਨਾਂ ਗੁਰੂਆਂ ਅਤੇ ਭਗਤਾਂ ਦੀ ਸੰਗਤ ਅਥਵਾ ਉਹਨਾਂ ਦੀਆਂ ਬਾਣੀਆਂ ਨੂੰ ਪੜ੍ਹਨ, ਸੁਨਣ, ਗਾਇਨ ਅਤੇ ਕਥਾ ਵਾਰਤਾ ਕਰਣ ਦੇ ਬਾਵਜੂਦ—ਅਸੀਂ ਤ੍ਰੈ-ਗੁਣੀ ਮਾਇਕੀ 'ਭਰਮ' ਦੇ ਮੁੱਢਲੇ ਗੁੱਝੇ ਭੇਦ ਨੂੰ ਸਮਝ, ਬੁੱਝ ਅਤੇ ਪਹਿਚਾਨ ਨਹੀਂ ਸਕੇ ।

ਆਮ ਜਨਤਾ ਲਈ ਤਾਂ ਇਸ 'ਭਰਮ' ਦੇ ਗੁੱਝੇ ਭੇਦ ਨੂੰ ਸਮਝਣਾ ਯਾ ਬੁੱਝਣਾ ਅਸੰਭਵ ਹੈ—ਪਰ, ਹੈਰਾਨੀ ਅਤੇ ਦੁੱਖ ਦੀ ਗੱਲ ਇਹ ਹੈ ਕਿ ਅਖੌਤੀ ਭਲੇ- ਭਲੇਰੇ ਅਤੇ ਬੁੱਧੀਮਾਨ ਭੀ ਇਸੇ ਕੂੜੇ ਭਰਮ ਦੇ ਅੰਤ੍ਰੀਵ ਗੁੱਝੇ ਭੇਦ ਤੋਂ ਅਨਜਾਣ ਅਤੇ ਕੋਰੇ ਹਨ ਯਾ ਜਾਣ-ਬੁੱਝ ਕੇ ਅਵੇਸਲੇ ਅਤੇ ਮਚਲੇ ਹੋਏ ਹੋਏ ਹਨ ।

ਕਈਆਂ ਜਨਮਾਂ ਤੋਂ ਬੇਅੰਤ—

ਪਾਠ-ਪੂਜਾ
ਕਰਮ-ਧਰਮ
ਜਪ-ਤਪ
ਹਠ-ਸਾਧਨਾ

ਆਦਿ ਕਰਦੇ ਹੋਏ ਭੀ, ਅਸੀਂ ਉਸੇ 'ਭਰਮ' ਦੇ ਹਨੇਰ ਖਾਤੇ ਵਿਚ ਹੀ ਪ੍ਰਵਿਰਤ ਅਤੇ ਗਲਤਾਨ ਹੋ ਕੇ ਖੁਆਰ ਹੋ ਰਹੇ ਹਾਂ ।

ਪਲਚਿ ਪਲਚਿ ਸਗਲੀ ਮੁਈ ਝੂਠੈ ਧੰਧੈ ਮੋਹੁ ॥ (ਪੰਨਾ-133)

ਇਹੁ ਜਗਤੁ ਮਮਤਾ ਮੁਆ ਜੀਵਣ ਕੀ ਬਿਧਿ ਨਾਹਿ ॥ (ਪੰਨਾ-508)

ਮਾਇਆ ਮਾਇਆ ਕੇ ਜੋ ਅਧਿਕਾਈ
ਵਿਚਿ ਮਾਇਆ ਪਚੈ ਪਚੀਜੈ ॥ (ਪੰਨਾ-1326)

ਇਹ ਮਾਇਕੀ ਅਗਿਆਨਤਾ-ਰੂਪੀ 'ਭਰਮ' ਸਾਡੇ—

ਮਨ
ਬੁੱਧੀ

ਹਿਰਦੇ

ਵਿੱਚ ਇਤਨਾ-ਡੂੰਘਾ ਧੱਸ-ਵੱਸ-ਰਸ ਕੇ ਸਮਾ ਗਿਆ ਹੈ ਕਿ ਸਾਡੇ ਮਾਇਕੀ ਜੀਵਨ ਦਾ ਅਨਿਖੜਵਾਂ 'ਤਤ-ਅੰਗ' ਹੀ ਬਣ ਚੁਕਿਆ ਹੈ ।

ਇਹ ਅਗਿਆਨਤਾ-ਰੂਪੀ 'ਭਰਮ' ਸਾਡੇ ਜੀਵਨ ਦੇ ਹਰ ਪੱਖ ਵਿੱਚ ਮੈਂ-ਮੇਰੀ ਰਾਹੀਂ ਪ੍ਰਬਲ ਹੋ ਕੇ ਪ੍ਰਵਿਰਤ ਅਤੇ ਪ੍ਰਗਟ ਹੋ ਰਿਹਾ ਹੈ ।

ਸਾਡੇ 'ਜੀਵਨ' ਅਥਵਾ ਮਾਇਕੀ ਆਪੇ ਉਤੇ, ਇਸ 'ਭਰਮ' ਦਾ ਇਤਨਾ ਜਬਰਦਸਤ 'ਜਾਦੂ' ਚਲਿਆ ਹੋਇਆ ਹੈ, ਕਿ ਇਹ 'ਭੂਤ-ਪ੍ਰੇਤ' ਬਣ ਕੇ ਕਈਆਂ ਜਨਮਾਂ ਤੋਂ ਸਾਨੂੰ ਚਿਮੜਿਆ ਆਉਂਦਾ ਹੈ, ਜਿਸ ਤੋਂ ਛੁਟਕਾਰਾ ਪਾਉਣਾ ਅਤੀ ਕਠਨ ਹੈ ।

ਇਹ 'ਭਰਮ ਦਾ ਭੂਤ' ਸਾਡੇ ਸਰੀਰਕ, ਮਾਨਸਿਕ ਤੇ ਧਾਰਮਿਕ ਜੀਵਨ ਵਿਚ ਕਈ ਜਨਮਾਂ ਤੋਂ ਅਤਿਅੰਤ ਸੂਖਮ 'ਸਾਰ-ਤਤ' ਬਣ ਕੇ, ਇਤਨਾ ਰਸਿਆ ਅਤੇ ਰਮਿਆ ਹੋਇਆ ਹੈ, ਕਿ ਅਸੀਂ ਸੰਪੂਰਨ ਤੌਰ ਤੇ ਭਰਮ ਦਾ ਹੀ ਰੂਪ ਬਣ ਚੁਕੇ ਹਾਂ ।

ਜਿਸ ਤਰ੍ਹਾਂ 'ਹਨੇਰਾ' ਆਪਣੇ ਅੰਧਕਾਰ ਨੂੰ ਖੁਦ ਦੂਰ ਨਹੀਂ ਕਰ ਸਕਦਾ—ਉਸੇ ਤਰ੍ਹਾਂ ਅਸੀਂ ਆਪਣੇ ਜਨਮਾਂ-ਜਨਮਾਂ ਦੇ ਚਿਮੜੇ ਹੋਏ 'ਭਰਮ ਦੇ ਭੂਤ' ਨੂੰ ਆਪਣੇ ਆਪ ਨਿਖੇੜ ਕੇ ਤਿਆਗ ਨਹੀਂ ਸਕਦੇ ।

ਸਾਰੇ ਧਾਰਮਿਕ ਗ੍ਰੰਥ ਇਹੋ ਦਸਦੇ ਹਨ, ਕਿ ਮਾਨਸਿਕ ਅਗਿਆਨਤਾ ਜੀਵ ਦੇ ਭਰਮ-ਭੁਲੇਖਿਆਂ (illusion) ਵਿਚੋਂ ਹੀ ਉਤਪੰਨ ਹੋਈ ਹੈ ।

ਗੁਰਬਾਣੀ ਵਿਚ ਇਸ 'ਭਰਮ' ਨੂੰ ਸਪਸ਼ਟ ਤੌਰ ਤੇ ਇਉਂ ਦਰਸਾਇਆ ਗਿਆ ਹੈ—

ਭਾਦੁਇ ਭਰਮਿ ਭੁਲਾਣੀਆ ਦੂਜੈ ਲਗਾ ਹੇਤੁ ॥ (ਪੰਨਾ-134)

ਭਰਮੇ ਆਵੈ ਭਰਮੇ ਜਾਇ ॥
ਇਹੁ ਜਗੁ ਜਨਮਿਆ ਦੂਜੈ ਭਾਇ ॥ (ਪੰਨਾ-161)

ਤ੍ਰੈ ਗੁਣ ਮਾਇਆ ਭਰਮਿ ਭੁਲਾਇਆ ਹਉਮੈ ਬੰਧਨ ਕਮਾਏ ॥ (ਪੰਨਾ-604)

ਪਰ, ਹੈਰਾਨੀ ਦੀ ਗੱਲ ਹੈ ਕਿ ਕਈ ਜਨਮਾਂ ਤੋਂ ਇਸ 'ਧੁਰ ਕੀ ਬਾਣੀ' ਨੂੰ ਪੜ੍ਹਦਿਆਂ-ਸੁਣਦਿਆਂ ਭੀ ਅਜੇ ਤਾਂਈ ਇਸ 'ਭਰਮ' ਦੀ ਬਾਬਤ ਪਹਿਚਾਨ ਅਤੇ ਗਿਆਨ ਹੀ ਨਹੀਂ ਆਇਆ ਅਤੇ ਅਸੀਂ ਭਰਮ ਦੇ 'ਹਨੇਰ ਖਾਤੇ' ਦੀ ਪੁਰਾਣੀ 'ਜੀਵਨ-ਰੋੜ੍ਹ' ਵਿਚ ਹੀ ਅੰਨ੍ਹੇ-ਵਾਹ, ਬੇ-ਤਿਹਾਸ਼ਾ ਰੁੜ੍ਹੀ ਜਾ ਰਹੇ ਹਾਂ ਅਤੇ ਘੋਰ ਅੰਧਕਾਰ ਵਿਚ ਪਲਚ-ਪਲਚ ਕੇ ਦੁਖੀ ਹੋ ਰਹੇ ਹਾਂ ।

ਹਾਸੋ ਹੀਣੀ ਗੱਲ ਤਾਂ ਇਹ ਹੈ, ਕਿ ਇਸ ਭਰਮ ਵਿਚ ਵਿਚਰਦਿਆਂ ਅਤੇ ਗਲਤਾਨ ਹੁੰਦਿਆਂ ਹੋਇਆਂ ਭੀ ਅਸੀਂ ਆਪਣੇ ਆਪ ਨੂੰ ਭਲੇ-ਭਲੇਰੇ ਅਤੇ ਵਿਦਵਾਨ ਸਮਝੀ ਬੈਠੇ ਹਾਂ। ਇਸ ਦਾ ਨਤੀਜਾ ਇਹ ਹੈ, ਕਿ ਗੁਰਬਾਣੀ ਦੇ ਆਤਮਿਕ ਉਚੇ ਸੁੱਚੇ ਉਪਦੇਸ਼ਾਂ ਦੇ 'ਅੰਤ੍ਰੀਵ ਭਾਵਾਂ' ਤੋਂ ਅਸੀਂ—

ਅਨਜਾਣ
ਅਗਿਆਨੀ
ਬੇ-ਪ੍ਰਵਾਹ
ਬੇ-ਮੁਖ
ਸ਼ਰਧਾਹੀਣ ਅਤੇ
ਵਾਂਝੇ

ਹਾਂ, ਜਾਂ ਜਾਣ-ਬੁੱਝ ਕੇ ਅਵੇਸਲੇ ਅਤੇ ਮਚਲੇ ਹੋਏ ਹੋਏ ਹਾਂ। ਸਾਡੀ ਇਸ ਹਾਲਤ ਉਤੇ ਗੁਰਬਾਣੀ ਦੀ ਹੇਠਲੀ ਪੰਗਤੀ ਠੀਕ ਢੁਕਦੀ ਹੈ—

ਸਾਧੋ ਇਹੁ ਜਗੁ ਭਰਮ ਭੁਲਾਨਾ ॥
ਰਾਮ ਨਾਮ ਕਾ ਸਿਮਰਨੁ ਛੋਡਿਆ ਮਾਇਆ ਹਾਥਿ ਬਿਕਾਨਾ ॥ (ਪੰਨਾ-684)

ਖੂਹ ਦੇ ਡੱਡੂ ਸਾਰੀ ਉਮਰ ਖੂਹ ਦੇ ਅੰਧਕਾਰ ਵਿਚ ਹੀ ਜੀਵਨ ਬਤੀਤ ਕਰਦੇ ਹਨ ਤੇ ਉਹਨਾਂ ਨੂੰ ਆਪਣੀ ਭਰਮ-ਮਈ ਸੀਮਤ ਦੁਨੀਆਂ ਤੋਂ ਬਗੈਰ ਹੋਰ ਕਿਸੇ ਦੁਨੀਆਂ ਉਤੇ ਨਿਸਚਾ ਹੀ ਨਹੀਂ ਆ ਸਕਦਾ—ਕਿਉਂਕਿ ਉਹਨਾਂ ਨੇ ਬਾਹਰਲੀ ਰੋਸ਼ਨੀ ਦੀ ਝਲਕ ਕਦੇ ਭੀ ਨਹੀਂ ਦੇਖੀ ਹੁੰਦੀ।

ਜੇਕਰ ਉਹਨਾਂ ਨੂੰ ਦਸਿਆ ਜਾਵੇ ਕਿ ਖੂਹ ਤੋਂ ਬਾਹਰ ਕੋਈ ਹੋਰ ਪ੍ਰਕਾਸ਼-ਮਈ ਸੋਹਣੀ ਦੁਨੀਆਂ ਹੈ, ਤਾਂ ਉਹਨਾਂ ਨੂੰ ਕਦਾਚਿਤ ਨਿਸਚਾ ਨਹੀਂ ਆ ਸਕਦਾ ਅਤੇ ਰੋਸ਼ਨੀ ਦੀ ਗੱਲ ਨੂੰ 'ਗੱਪ' ਯਾ 'ਝੂਠ' ਸਮਝ ਕੇ 'ਮਲ ਦਲ' ਛਡਣਗੇ ਯਾ 'ਪਈ ਹੋਵੇ', 'ਸਾਨੂੰ ਕੀ' ਇਤਿਆਦਿ ਕਹਿ ਕੇ ਟਾਲ ਦੇਣਗੇ।

ਘੁਘੂ ਸੁਝੁ ਨ ਸੁਝਈ ਵਸਦੀ ਛਡਿ ਰਹੈ ਓਜਾੜੀ।
ਇਲਿ ਪੜ੍ਹਾਈ ਨ ਪੜ੍ਹੈ ਚੂਹੇ ਖਾਇ ਉਡੇ ਦੇਹਾੜੀ।
ਵਾਸੁ ਨ ਆਵੈ ਵਾਂਸ ਨੋ ਹਉਮੈ ਅੰਗਿ ਨ ਚੰਨਣ ਵਾੜੀ।
ਸੰਖੁ ਸਮੁੰਦਹੁ ਸਖਣਾ ਗੁਰਮਤਿ ਹੀਣਾ ਦੇਹ ਵਿਗਾੜੀ।
ਸਿੰਮਲੁ ਬਿਰਖੁ ਨ ਸਫਲੁ ਹੋਇ ਆਪੁ ਗਣਾਏ ਵਡਾ ਅਨਾੜੀ।
ਮੂਰਖੁ ਫਕੜਿ ਪਵੈ ਰਿਹਾੜੀ। (ਵਾ. ਭਾ. ਗੁ. 32/4)

ਐਨ ਇਸੇ ਤਰ੍ਹਾਂ ਸਾਨੂੰ ਭੀ ਜਨਮਾਂ ਤੋਂ ਮਾਇਕੀ 'ਭਰਮ ਗੜ੍ਹ' ਦੇ ਹਨੇਰ ਖਾਤੇ ਵਿਚ ਵਿਚਰਦਿਆਂ ਹੋਇਆਂ, ਭਰਮ-ਮਈ ਅੰਧਕਾਰ ਦਾ ਹੀ ਦ੍ਰਿੜ੍ਹ ਨਿਸਚਾ ਹੋ ਚੁਕਿਆ ਹੈ ਅਤੇ ਇਸੇ ਘੋਰ ਹਨੇਰੇ 'ਭਰਮ ਗੜ੍ਹ' ਵਿਚ ਵਿਚਰਨ ਨੂੰ ਹੀ, ਆਪਣੀ ਜੀਵਨ-ਸੇਧ ਅਤੇ ਮੰਜ਼ਿਲ ਸਮਝੀ ਬੈਠੇ ਹਾਂ ।

ਭਰਮ-ਮਈ ਅੰਧਕਾਰ ਵਿਚ ਸਾਡਾ ਨਿਸਚਾ ਇਤਨਾ ਦ੍ਰਿੜ੍ਹ ਹੋ ਚੁਕਿਆ ਹੈ, ਕਿ ਇਸ ਤ੍ਰੈ-ਗੁਣੀ ਮਾਇਕੀ ਮੰਡਲ ਦੇ 'ਭਰਮ ਗੜ੍ਹ' ਤੋਂ ਇਲਾਵਾ, ਹੋਰ ਕਿਸੇ ਪ੍ਰਕਾਸ਼-ਮਈ ਆਤਮ-ਮੰਡਲ ਦੀ ਹੋਂਦ ਬਾਰੇ ਸਾਨੂੰ ਕਦੇ—

ਖਿਆਲ ਹੀ ਨਹੀਂ ਆਉਂਦਾ ।
ਧਿਆਨ ਦੇਣ ਦੀ ਲੋੜ ਹੀ ਨਹੀਂ ਭਾਸਦੀ ।
ਵਿਚਾਰ ਯਾ ਖੋਜ ਕਰਣ ਲਈ ਫੁਰਸਤ ਹੀ ਨਹੀਂ ।
ਨਿਸਚਾ ਹੀ ਨਹੀਂ ਆਉਂਦਾ ।

ਬਜਰ ਕਪਾਟ ਕਾਇਆ ਗੜ੍ਹ ਭੀਤਰਿ ਕੂੜੁ ਕੁਸਤੁ ਅਭਿਮਾਨੀ ॥
ਭਰਮਿ ਭੂਲੇ ਨਦਰਿ ਨ ਆਵਨੀ ਮਨਮੁਖ ਅੰਧ ਅਗਿਆਨੀ ॥ (ਪੰਨਾ-514)

ਭਰਮੇ ਭੂਲਾ ਫਿਰੈ ਸੰਸਾਰੁ ॥
ਮਰਿ ਜਨਮੈ ਜਮੁ ਕਰੇ ਖੁਆਰੁ ॥ (ਪੰਨਾ-560)

ਸਗਲ ਜਨਮ ਭਰਮ ਹੀ ਭਰਮ ਖੋਇਓ ਨਹ ਅਸਥਿਰੁ ਮਤਿ ਪਾਈ ॥ (ਪੰ.-632)

ਜਦ ਅਸੀਂ ਆਪਣੇ ਭਰਮ ਦੀ ਅਗਿਆਨਤਾ ਵਿਚ, ਗੁਰਬਾਣੀ ਦੀਆਂ ਉਪਰਲੀਆਂ ਪੰਗਤੀਆਂ ਪੜ੍ਹਦੇ ਯਾ ਸੁਣਦੇ ਹਾਂ, ਤਾਂ ਸਾਨੂੰ ਇਹੋ ਖਿਆਲ ਆਉਂਦਾ ਹੈ ਕਿ ਇਹ ਪੰਗਤੀਆਂ ਸਾਡੇ ਉਤੇ ਨਹੀਂ ਢੁਕਦੀਆਂ ਕਿਉਂਕਿ ਅਸੀਂ ਤਾਂ ਬੜੇ ਸਿਆਣੇ, ਵਿਦਵਾਨ ਅਤੇ ਭਲੇ ਭਲੇਰੇ ਹਾਂ !!

ਅਸੀਂ ਸਮਝਦੇ ਹਾਂ ਕਿ ਜਦ ਅਸੀਂ ਵਿਗਿਆਨਕ ਤੇ ਆਧੁਨਿਕ ਨਵੀਨ ਰੋਸ਼ਨੀ ਵਿਚ ਰਹਿੰਦੇ ਹਾਂ, ਤਾਂ ਭਰਮ ਸਾਡੇ ਨੇੜੇ ਨਹੀਂ ਢੁਕ ਸਕਦਾ!! ਜਦ ਇਹ ਪੰਗਤੀਆਂ ਸਾਡੇ ਉਤੇ ਢੁਕਦੀਆਂ ਹੀ ਨਹੀਂ ਤਾਂ ਸਾਨੂੰ ਇਹਨਾਂ ਵਲ ਧਿਆਨ ਦੇਣ ਅਤੇ ਵਿਚਾਰਨ ਦੀ ਭੀ ਲੋੜ ਨਹੀਂ ।

ਸਿਰਫ ਭਰਮ-ਮਈ ਸੰਸਾਰ ਵਿਚ ਵਿਚਰਨ ਵਾਲੇ ਜੀਵਾਂ ਨੂੰ ਹੀ ਇਹਨਾਂ ਪੰਗਤੀਆਂ ਵਲ ਧਿਆਨ ਦੇਣ ਯਾ ਕਮਾਉਣ ਦੀ ਲੋੜ ਹੋਵੇਗੀ, ਪਰ ਅਸੀਂ ਇਸ ਸ਼੍ਰੇਣੀ ਵਿਚ ਨਹੀਂ ਆਉਂਦੇ !!

ਅਸੀਂ ਆਪਣੀ ਬੁੱਧੀ ਦੁਆਰਾ ਕਲਪਤ ਕੀਤੀ ਹੋਈ 'ਨਵੀਨ ਮਾਇਕੀ ਦੁਨੀਆਂ' ਨੂੰ ਹੀ—

ਵਿਸ਼ੇਸ਼
ਉਚੇਰੀ
ਚੰਗੇਰੀ
ਸੁਹਣੇਰੀ
ਸੁਖਦਾਈ
ਅਸਲੀ

ਸਮਝ ਕੇ, ਇਸ ਵਿਚ ਗਲਤਾਨ ਤੇ ਮਸਤ ਹੋਏ ਪਏ ਹਾਂ, ਅਤੇ ਆਪਣਾ ਅਮੋਲਕ ਜੀਵਨ ਅਜਾਈਂ ਗਵਾ ਰਹੇ ਹਾਂ ।

ਪਰ, ਗੁਰਬਾਣੀ ਨੇ ਇਸ ਮਨੋ ਕਲਪਤ ਭਰਮ-ਮਈ ਝੂਠੀ ਦੁਨੀਆਂ ਦੀ ਬਾਬਤ ਸਾਨੂੰ ਇਉਂ ਤਾੜਨਾ ਕੀਤੀ ਹੈ—

ਜੋ ਦੀਸੈ ਸੋ ਸਗਲ ਬਿਨਾਸੈ ਜਿਉ ਬਾਦਰ ਕੀ ਛਾਈ ॥ (ਪੰਨਾ-219)

ਝੂਠੀ ਦੁਨੀਆ ਲਗਿ ਨ ਆਪੁ ਵਞਾਈਐ ॥ (ਪੰਨਾ-488)

ਇਹੁ ਜਗੁ ਹੈ ਸੰਪਤਿ ਸੁਪਨੇ ਕੀ ਦੇਖਿ ਕਹਾ ਐਡਾਨੋ ॥ (ਪੰਨਾ-1186)

ਇਹੁ ਜਗੁ ਧੂਏ ਕਾ ਪਹਾਰ ॥
ਤੈ ਸਾਚਾ ਮਾਨਿਆ ਕਿਹ ਬਿਚਾਰਿ ॥ (ਪੰਨਾ-1187)

ਆਮ ਭੋਲੀ-ਭਾਲੀ ਜਨਤਾ ਤਾਂ ਇਸ 'ਮਾਨਸਿਕ ਭਰਮ' ਨੂੰ ਸਹਜੇ ਹੀ ਸਮਝ ਤੇ ਮੰਨ ਸਕਦੀ ਹੈ—ਪਰ, ਦਿਮਾਗੀ ਸਿਆਣਿਆਂ ਲਈ ਤ੍ਰੈ-ਗੁਣੀ ਮਾਇਕੀ ਭਰਮ ਦੇ ਹਨੇਰ ਵਿਚੋਂ ਨਿਕਲਣਾ ਅਤੀ ਕਠਿਨ ਹੈ । ਕਿਉਂਕਿ ਉਹਨਾਂ ਦੀ ਬੁੱਧੀ ਉਤੇ ਸਿਆਣਪ, ਵਿਦਵਤਾ, ਵਿਗਿਆਨ ਦੀ ਚਿਲਕਵੀ ਰੋਸ਼ਨੀ ਦੀ ਡਾਢੀ 'ਪਾਣ' ਚੜ੍ਹੀ ਹੁੰਦੀ ਹੈ, ਜਿਸ ਨੂੰ ਲਾਹੁਣਾ ਅਤੀ ਕਠਨ ਹੈ ।

ਇਸ ਮਾਇਕੀ ਭਰਮ ਦੀ ਸਿਆਣਪ ਦੀ ਪਾਣ ਯਾ ਛੌੜ ਲਾਹੇ ਬਗੈਰ, ਸਾਨੂੰ ਅੰਤ੍ਰ-ਆਤਮੇ ਆਤਮਿਕ-ਪ੍ਰਕਾਸ਼ ਦੇ ਜਲਵੇ ਦੇ ਦਰਸ਼ਨ ਨਹੀਂ ਹੋ ਸਕਦੇ ।

ਇਸ ਦਾ ਪ੍ਰਤੱਖ ਸਬੂਤ ਇਹ ਹੈ ਕਿ ਇਤਨੇ—

ਜਪ
ਤਪ
ਪਾਠ
ਪੂਜਾ
ਕਰਮ
ਧਰਮ

ਕਰਦਿਆਂ ਹੋਇਆਂ ਭੀ, ਸਾਡਾ ਮਾਨਸਿਕ 'ਭਰਮ' ਦੂਰ ਨਹੀਂ ਹੋਇਆ ਅਤੇ ਅਸੀਂ ਉਸੇ ਤਰ੍ਹਾਂ ਪੁਰਾਣੀ ਮਾਇਕੀ 'ਰੋੜ੍ਹ' ਵਿਚ ਹੀ ਗੋਤੇ ਖਾ ਰਹੇ ਹਾਂ। ਸਾਡਾ ਸ਼ਖਸ਼ੀ ਸਮਾਜਿਕ ਅਤੇ ਧਾਰਮਿਕ ਜੀਵਨ—ਮਾਇਕੀ ਭਰਮ-ਭੁਲਾਵੇ ਦੇ ਅੰਧਕਾਰ ਅਥਵਾ 'ਭਰਮ-ਗੜ੍ਹ' ਵਿਚ ਹੀ ਗ੍ਰਸਿਆ ਹੋਇਆ ਹੈ ।

ਸਾਡੀ ਮਾਨਸਿਕ, ਸਮਾਜਿਕ ਅਤੇ ਧਾਰਮਿਕ ਅਵਸਥਾ ਦੀ ਗਿਰਾਵਟ ਹੀ ਸਾਡੇ ਮਾਇਕੀ 'ਭਰਮ-ਭੁਲਾਵੇ' ਦਾ ਪ੍ਰਤੀਕ ਹੈ।

ਸਾਡਾ ਸ਼ਖਸ਼ੀ, ਸਮਾਜਿਕ, ਕੌਮੀ ਅਤੇ ਸਮੁੱਚੇ ਵਿਸ਼ਵ ਦਾ ਨਿਘਰਦਾ ਹੋਇਆ ਆਚਾਰ, ਸਭਿਅਤਾ ਅਤੇ ਵਰਤ-ਵਰਤਾਰਾ ਹੀ ਸਾਡੇ ਮਾਇਕੀ 'ਭਰਮ-ਭੁਲਾਵੇ' ਦੀ ਪ੍ਰਤੱਖ ਸਬੂਤ ਅਤੇ ਜੀਉਂਦੀ-ਜਾਗਦੀ ਤਸਵੀਰ ਹੈ ।

ਗੁਰਬਾਣੀ ਸਾਡੀ ਇਸ ਅਧੋਗਤੀ ਨੂੰ ਇਉਂ ਦਰਸਾਉਂਦੀ ਹੈ—

ਸਚਿ ਕਾਲੁ ਕੂੜੁ ਵਰਤਿਆ ਕਲਿ ਕਾਲਖ ਬੇਤਾਲ ॥ (ਪੰਨਾ-468)

ਉਠੇ ਗਿਲਾਨਿ ਜਗਤਿ ਵਿਚਿ ਵਰਤੇ ਪਾਪ ਭ੍ਰਿਸਟਿ ਸੰਸਾਰਾ ।
ਵਰਨਾ ਵਰਨ ਨ ਭਾਵਨੀ ਖਹਿ ਖਹਿ ਜਲਨ ਬਾਂਸ ਅੰਗਿਆਰਾ ।
ਨਿੰਦਿਆ ਚਲੇ ਵੇਦ ਕੀ ਸਮਝਨਿ ਨਹਿ ਅਗਿਆਨਿ ਗੁਬਾਰਾ ।
(ਵਾ. ਭਾ. ਗੁ. 1/17)

ਭਈ ਗਿਲਾਨਿ ਜਗਤਿ ਵਿਚਿ ਚਾਰਿ ਵਰਨਿ ਆਸ੍ਰਮ ਉਪਾਏ ।
ਦਸਿ ਨਾਮਿ ਸੰਨਿਆਸੀਆ ਜੋਗੀ ਬਾਰਹ ਪੰਥਿ ਚਲਾਏ ।
ਜੰਗਮ ਅਤੇ ਸਰੇਵੜੇ ਦਗੇ ਦਿਗੰਬਰਿ ਵਾਦਿ ਕਰਾਏ ।.....
ਕਲਿਜੁਗਿ ਅੰਦਰਿ ਭਰਮਿ ਭੁਲਾਏ । (ਵਾ. ਭਾ. ਗੁ. 1/19)

ਕਾਲੀ ਐਨਕ ਨਾਲ ਸਭ ਕੁਛ ਕਾਲਾ ਹੀ ਦਿਸਦਾ ਹੈ—ਪਰ ਕਾਲੀ ਐਨਕ ਦਾ ਪਰਛਾਵਾਂ ਸਿਰਫ਼ ਦ੍ਰਿਸ਼ਟਮਾਨ ਚੀਜ਼ਾਂ ਤੇ ਹੀ ਪੈਂਦਾ ਹੈ ।

ਜਦ ਸਾਡੇ ਮਨ ਉਤੇ 'ਭਰਮ' ਦੀ 'ਪਾਣ' ਚੜ੍ਹ ਜਾਵੇ ਤਾਂ ਇਸ ਦੀ ਛਾਇਆ ਜਾਂ ਅਕਸ਼ ਸਾਡੀ ਬੁੱਧੀ ਦੇ ਸੂਖਮ—

ਖਿਆਲਾਂ
ਭਾਵਨਾਵਾਂ
ਗਿਆਨ
ਨਿਸਚੇ
ਸ਼ਰਧਾ ਭਾਵਨੀ

ਆਦਿ ਉਤੇ ਪੈਂਦਾ ਹੈ।

ਬਹੁ ਵਧਹਿ ਵਿਕਾਰਾ ਸਹਸਾ ਇਹੁ ਸੰਸਾਰਾ ਬਿਨੁ ਨਾਵੈ ਪਤਿ ਖੋਈ ॥

ਪੜਿ ਪੜਿ ਪੰਡਤਿ ਵਾਦੁ ਵਖਾਣਹਿ ਬਿਨੁ ਬੂਝੇ ਸੁਖੁ ਨ ਹੋਈ ॥ (ਪੰਨਾ–570)

ਭਰਮਿ ਭੂਲੇ ਬਾਦਿ ਅਹੰਕਾਰੀ ॥
ਸੰਗਿ ਨਾਹੀ ਰੇ ਸਗਲ ਪਸਾਰੀ ॥
ਸੋਗ ਹਰਖ ਮਹਿ ਦੇਹ ਬਿਰਧਾਨੀ ॥
ਸਾਕਤ ਇਵ ਹੀ ਕਰਤ ਬਿਹਾਨੀ ॥ (ਪੰਨਾ–888)

ਮਾਇਆ ਮਮਤਾ ਪਵਹਿ ਖਿਆਲੀ ॥
ਜਮ ਪੁਰਿ ਫਾਸਹਿਗਾ ਜਮ ਜਾਲੀ ॥ (ਪੰਨਾ–993)

ਸਤਿਗੁਰ ਕੀ ਪਰਤੀਤਿ ਨ ਆਈਆ ਸਬਦਿ ਨ ਲਾਗੋ ਭਾਉ ॥
ਓਸ ਨੋ ਸੁਖੁ ਨ ਉਪਜੈ ਭਾਵੈ ਸਉ ਗੇੜਾ ਆਵਉ ਜਾਉ ॥ (ਪੰਨਾ–591)

ਇਸ ਤਰ੍ਹਾਂ ਸਾਡੀ—

ਦਿਮਾਗੀ ਵਿਦਿਆ
ਆਧੁਨਿਕ ਵਿਗਿਆਨ
ਫਿਲਾਸਫੀ
ਪਰਮਾਰਥ

ਆਦਿ, ਉਤੇ ਭੀ ਏਸੇ 'ਭਰਮ' (illusion) ਦੇ ਹਨੇਰ ਅਥਵਾ ਮਾਨਸਿਕ ਅਗਿਆਨਤਾ ਦੀ 'ਛਾਇਆ' ਪਈ ਹੋਈ ਹੈ, ਅਤੇ ਇਹ ਸਭ ਕੁਝ ਤ੍ਰੈ–ਗੁਣੀ ਮਾਇਕੀ ਮੰਡਲ ਦਾ ਹੀ 'ਖੇਲ' ਹੈ । ਇਸ ਦਿਮਾਗੀ ਵਿਦਿਆ ਦੀ ਆਤਮਿਕ 'ਪ੍ਰਕਾਸ਼ ਮੰਡਲ' ਤਾਈਂ ਪਹੁੰਚ ਨਹੀਂ ਹੈ ।

ਕਥਨੀ ਕਹਿ ਭਰਮੁ ਨ ਜਾਈ ॥
ਸਭ ਕਥਿ ਕਥਿ ਰਹੀ ਲੁਕਾਈ ॥ (ਪੰਨਾ–655)

ਕਿਆ ਪੜੀਐ ਕਿਆ ਗੁਨੀਐ ॥
ਕਿਆ ਬੇਦ ਪੁਰਾਨਾਂ ਸੁਨੀਐ ॥
ਪੜੇ ਸੁਨੇ ਕਿਆ ਹੋਈ ॥
ਜਉ ਸਹਜ ਨ ਮਿਲਿਓ ਸੋਈ ॥ (ਪੰਨਾ–655)

ਬਹੁਤੁ ਸਿਆਣਪ ਭਰਮੁ ਨ ਜਾਏ ॥
ਪਚਿ ਪਚਿ ਮੁਏ ਅਚੇਤ ਨ ਚੇਤਹਿ ਅਜਗਰਿ ਭਾਰਿ ਲਦਾਈ ਹੇ ॥
(ਪੰਨਾ–1025)

ਦੂਜੇ ਲਫ਼ਜ਼ਾਂ ਵਿਚ ਸਕੂਲਾਂ, ਕਾਲਜਾਂ, ਯੂਨੀਵਰਸਿਟੀਆਂ ਵਿਚ ਜੋ ਦਿਮਾਗੀ

ਵਿਦਿਆ ਦੀ ਪੜ੍ਹਾਈ ਹੋ ਰਹੀ ਹੈ, ਉਹ ਭੀ ਏਸੇ ਸ਼੍ਰੇਣੀ ਵਿਚ ਆਉਂਦੀ ਹੈ—ਕਿਉਂਕਿ ਇਹਨਾਂ ਵਿਦਿਅਕ ਅਸਥਾਨਾਂ ਵਿਚ ਨਿਰੋਲ ਤ੍ਰੈ-ਗੁਣੀ ਮਾਇਕੀ ਮੰਡਲ ਦਾ ਹੀ ਗਿਆਨ ਪੜ੍ਹਾਇਆ ਜਾਂਦਾ ਹੈ । ਇਸ ਲਈ—

ਉਚੀ ਤੋਂ ਉਚੀ ਵਿਦਿਅਕ ਪੜ੍ਹਾਈ
ਨਵੀਨ ਵਿਗਿਆਨਕ ਖੋਜ
ਤੀਖਣ ਫਿਲਾਸਫੀਆਂ ਅਤੇ
ਧਾਰਮਿਕ ਗਿਆਨ

ਭੀ ਆਤਮਿਕ ਮੰਡਲ ਦੇ ਅਨੁਭਵੀ ਤਤ-ਗਿਆਨ ਨੂੰ—

ਜਾਨਣ
ਸਮਝਣ
ਬੁੱਝਣ
ਚੀਨਣ
ਸੀਝਣ
ਪਹਿਚਾਨਣ
ਮਾਨਣ

ਤੋਂ ਅਸਮਰਥ ਹਨ । ਇਸ ਲਈ ਇਹ ਦਿਮਾਗੀ ਵਿਦਿਆ ਸਾਡੇ ਮਾਇਕੀ ਭਰਮ-ਭੁਲਾਵੇ ਅਥਵਾ ਅਗਿਆਨਤਾ ਨੂੰ ਘਟਾਉਣ ਦੀ ਬਜਾਏ, ਹੋਰ ਦ੍ਰਿੜ੍ਹ ਕਰ ਰਹੀ ਹੈ ।

ਪੜਿਆ ਮੂਰਖੁ ਆਖੀਐ ਜਿਸੁ ਲਬੁ ਲੋਭੁ ਅਹੰਕਾਰਾ ॥ (ਪੰਨਾ-140)

ਲਿਖਿ ਲਿਖਿ ਪੜਿਆ ॥ ਤੇਤਾ ਕੜਿਆ ॥ (ਪੰਨਾ-467)

'ਦਿਮਾਗੀ ਗਿਆਨ' ਸਿਰਫ ਤ੍ਰੈ-ਗੁਣੀ ਮਾਇਕੀ ਮੰਡਲ ਦੇ ਦਾਇਰੇ ਅੰਦਰ ਦਿਮਾਗੀ ਜਾਣਕਾਰੀ ਯਾ ਗਿਆਨ ਹੀ ਪ੍ਰਦਾਨ ਕਰ ਸਕਦਾ ਹੈ, ਜੋ ਸਾਡੀ ਬੁੱਧੀ ਤਾਂਈ ਹੀ ਅਸਰ ਕਰਦਾ ਹੈ। ਐਸਾ ਪ੍ਰਾਪਤ ਕੀਤਾ ਹੋਇਆ ਦਿਮਾਗੀ ਗਿਆਨ ਬੁੱਧੀ ਅਤੇ ਵਲਵਲਿਆਂ ਤਾਂਈ ਹੀ ਸੀਮਤ ਰਹਿੰਦਾ ਹੈ, ਜਿਸ ਦੀ ਆਤਮ-ਮੰਡਲ ਦੇ ਅਨੁਭਵੀ ਪ੍ਰਕਾਸ਼ ਤਾਂਈ ਪਹੁੰਚ ਨਹੀਂ ਹੈ ।

ਜੇਕਰ 'ਹਨੇਰਾ' ਸਿਰਫ 'ਚਾਨਣ' ਨਾਲ ਹੀ ਦੂਰ ਹੋ ਸਕਦਾ ਹੈ ਤਾਂ ਮਾਇਕੀ ਭਰਮ-ਭੁਲਾਵੇ ਦਾ 'ਅੰਧ-ਗੁਬਾਰ' ਭੀ, ਸਿਰਫ ਅਨੁਭਵੀ ਪ੍ਰਕਾਸ਼ ਅਥਵਾ 'ਨਾਮ' ਨਾਲ ਹੀ ਮਿਟ ਸਕਦਾ ਹੈ ।

ਧਾਰਮਿਕ ਅਸਥਾਵਾਂ ਵਿਚ ਦਿਮਾਗੀ ਗਿਆਨ ਦੇ ਆਧਾਰ ਤੇ ਗੁਰਬਾਣੀ ਜਾਂ

ਗੁਰਮਤਿ ਦੀ ਬਾਹਰਮੁਖੀ ਧਾਰਮਿਕ ਵਿਦਿਆ ਹੀ ਪੜ੍ਹਾਈ ਜਾਂਦੀ ਹੈ, ਜੋ ਕਿ 'ਅਨੁਭਵੀ ਤੱਤ ਗਿਆਨ' ਅਤੇ ਅੰਤ੍ਰੀਵ ਅਧਿਆਤਮਿਕ ਜੀਵਨ' ਪ੍ਰਦਾਨ ਨਹੀਂ ਕਰ ਸਕਦੀ।

ਇਹ ਆਤਮਿਕ 'ਤੱਤ ਗਿਆਨ'—ਅਨੁਭਵੀ ਆਤਮ-ਮੰਡਲ ਦੀ ਪ੍ਰਕਾਸ਼-ਮਈ 'ਚੁੱਪ ਬੋਲੀ' ਹੈ ਜੋ ਸਾਡੀ ਬੁੱਧੀ ਦੀ ਸਮਝ ਤੇ ਪਕੜ ਤੋਂ ਬਿਲਕੁਲ ਪਰ੍ਹੇ ਹੈ। ਇਹ ਆਤਮਿਕ 'ਤੱਤ-ਗਿਆਨ' ਗੁਰ ਪ੍ਰਸਾਦਿ ਦੁਆਰਾ ਸਾਧ ਸੰਗਤ ਵਿਚ ਵਿਚਰਦਿਆਂ ਹੋਇਆਂ ਅੰਤ੍ਰਮੁਖੀ ਹੋ ਕੇ ਸਿਮਰਨ ਅਭਿਆਸ ਨਾਲ ਅਨੁਭਵ ਦੁਆਰਾ ਹੀ ਪ੍ਰਾਪਤ ਹੋ ਸਕਦਾ ਹੈ ।

ਇਹੀ ਕਾਰਣ ਹੈ ਕਿ ਬੇਅੰਤ ਧਾਰਮਿਕ ਪ੍ਰਚਾਰ ਦੇ ਹੁੰਦਿਆ ਹੋਇਆਂ ਆਮ ਜਨਤਾ ਆਤਮਿਕ ਗੁੱਝੇ ਭੇਦ ਅਥਵਾ 'ਤੱਤ-ਗਿਆਨ' ਤੋਂ ਬੇ-ਖਬਰ , ਬੇ-ਪ੍ਰਵਾਹ ਅਤੇ ਬੇ-ਮੁੱਖ ਹੁੰਦੀ ਜਾ ਰਹੀ ਹੈ, ਜਿਸ ਕਾਰਣ ਮਾਇਕੀ ਭਰਮ-ਭੁਲਾਵੇ ਦਾ ਅੰਧਕਾਰ ਵੱਧਦਾ ਜਾ ਰਿਹਾ ਹੈ ।

ਦੂਜੇ ਲਫਜ਼ਾਂ ਵਿਚ, ਆਤਮਿਕ 'ਤੱਤ-ਗਿਆਨ' ਦੇ ਅਨੁਭਵੀ ਪ੍ਰਕਾਸ਼ ਤੋਂ 'ਬਗੈਰ' ਸਾਡੀ ਧਾਰਮਿਕ ਪੜ੍ਹਾਈ, ਖੋਜ ਅਤੇ ਪ੍ਰਚਾਰ ਸਾਡੇ 'ਭਰਮ-ਗੜ' ਅੰਧਕਾਰ ਦੇ ਦਾਇਰੇ ਦਾ ਦਿਮਾਗੀ 'ਕਰਤਬ' ਅਤੇ 'ਸ਼ੁਗਲ' ਹੀ ਹੈ। ਐਸੇ ਦਿਮਾਗੀ ਗਿਆਨੀਆਂ ਦੀ 'ਅਨੁਭਵੀ ਆਤਮ-ਪ੍ਰਕਾਸ਼' ਤਾਈਂ ਪਹੁੰਚ ਨਹੀਂ ਹੋ ਸਕਦੀ ਅਤੇ ਨਾ ਹੀ ਉਹਨਾਂ ਨੂੰ ਇਸ ਦੀ ਲੋੜ ਹੀ ਭਾਸਦੀ ਹੈ ।

ਪੜਿ ਪੜਿ ਗਡੀ ਲਦੀਅਹਿ ਪੜਿ ਪੜਿ ਭਰੀਅਹਿ ਸਾਥ ॥
ਪੜਿ ਪੜਿ ਬੇੜੀ ਪਾਈਐ ਪੜਿ ਪੜਿ ਗਡੀਅਹਿ ਖਾਤ ॥
ਪੜੀਅਹਿ ਜੇਤੇ ਬਰਸ ਬਰਸ ਪੜੀਅਹਿ ਜੇਤੇ ਮਾਸ ॥
ਪੜੀਅਹਿ ਜੇਤੀ ਆਰਜਾ ਪੜੀਅਹਿ ਜੇਤੇ ਸਾਸ ॥
ਨਾਨਕ ਲੇਖੈ ਇਕ ਗਲ ਹੋਰੁ ਹਉਮੈ ਝਖਣਾ ਝਾਖ ॥ (ਪੰਨਾ-467)

ਪੁਰਾਤਨ ਸਮੇਂ ਵਿਚ, ਧਰਮ ਅਸਥਾਨਾਂ ਵਿਚ ਆਤਮਿਕ ਜੀਵਨ ਵਾਲੇ, 'ਤਤ ਜੋਗ' ਕੇ ਬੇਤੇ ਮਹਾਂਪੁਰਖ ਬਿਰਾਜਦੇ ਸਨ, ਜੋ ਆਤਮ-ਮੰਡਲ ਦੇ ਅਨੁਭਵੀ ਪ੍ਰਕਾਸ਼ ਮੰਡਲ ਵਿਚ ਵਿਚਰਦੇ ਸਨ। ਅਭਿਲਾਖੀ ਰੂਹਾਂ ਉਹਨਾਂ ਦੀ ਸੇਵਾ ਤੇ ਸਤਸੰਗ ਕਰਦਿਆਂ ਹੋਇਆਂ, ਸਹਿਜੇ ਹੀ ਆਪਣੀ ਮਾਨਸਿਕ ਅਗਿਆਨਤਾ ਦਾ ਭਰਮ ਦੂਰ ਕਰ ਕੇ, ਆਤਮ-ਪ੍ਰਕਾਸ਼ ਦੇ ਅਨੁਭਵੀ ਗਿਆਨ ਦਾ ਲਾਹਾ ਲੈਂਦੀਆਂ ਸਨ ਅਤੇ ਅੱਗੇ ਹੋਰਨਾਂ ਅਭਿਲਾਖੀਆਂ ਨੂੰ 'ਜੀਅ-ਦਾਨ' ਦੇ ਕੇ ਉਹਨਾਂ ਦਾ ਜੀਵਨ ਭੀ ਸਫਲ ਕਰਦੀਆਂ ਸਨ ।

ਅਜ ਕਲ ਇਸ ਆਤਮਿਕ ਅਨੁਭਵੀ 'ਖੇਲ' ਦਾ 'ਕਾਲ' ਹੈ—ਜਿਸ ਦੀ ਵਜ੍ਹਾ ਨਾਲ ਸੰਸਾਰ ਵਿਚ ਮਾਇਕੀ 'ਭਰਮ' ਦਾ ਅੰਧਕਾਰ ਹੋਰ ਭੀ ਗੂੜ੍ਹਾ ਹੋ ਰਿਹਾ ਹੈ ਅਤੇ ਤ੍ਰੈ-ਗੁਣੀ ਦੁਨੀਆਂ ਵਿਚ ਕਲਜੁਗ ਦੇ ਮਾਇਕੀ ਭਰਮ ਦਾ ਡਾਢਾ ਬੋਲ ਬਾਲਾ ਤੇ ਵਰਤ

ਵਰਤਾਰਾ ਹੈ।

ਇਸੇ ਕਾਰਣ ਜਿਸ ਮਾਨਸਿਕ ਅਗਿਆਨਤਾ ਦੇ ਭਰਮ ਗੜ੍ਹ ਵਿਚੋਂ ਗੁਰੂ ਸਾਹਿਬਾਂ ਨੇ ਸਾਨੂੰ ਕਢਿਆ ਸੀ—ਪਰ , ਅਸੀਂ ਆਪਣੀ ਮਾਇਕੀ ਅਗਿਆਨਤਾ ਦੁਆਰਾ, ਫਿਰ ਉਸੇ ਦਿਮਾਗੀ ਭਰਮ ਦੇ ਅੰਧ ਗੁਬਾਰ ਵਿਚ ਗੋਤੇ ਖਾ ਰਹੇ ਹਾਂ ।

ਵਿਣੁ ਨਾਵੈ ਭ੍ਰਮਿ ਭੁਲੀਆ ਠਗਿ ਮੁਠੀ ਕੂੜਿਆਰਿ ਜੀਉ ॥ (ਪੰਨਾ-751)

ਭਰਮਿ ਭੁਲਾਣੇ ਸਿ ਮਨਮੁਖ ਕਹੀਅਹਿ ਨਾ ਉਰਵਾਰਿ ਨ ਪਾਰੇ ॥ (ਪੰਨਾ-797)

ਆਸਾ ਭਰਮ ਬਿਕਾਰ ਮੋਹ ਇਨ ਮਹਿ ਲੋਭਾਨਾ ॥<br>
ਝੂਠੁ ਸਮਗ੍ਰੀ ਮਨਿ ਵਸੀ ਪਾਰਬ੍ਰਹਮੁ ਨ ਜਾਨਾ ॥ (ਪੰਨਾ-815)

ਬਿਨੁ ਨਾਵੈ ਸਭਿ ਭਰਮਹਿ ਕਾਚੇ ॥ (ਪੰਨਾ-842)

ਮਾਇਆ ਮੋਹਿ ਕੜੇ ਕੜਿ ਪਚਿਆ ॥<br>
ਬਿਨੁ ਨਾਵੈ ਭ੍ਰਮਿ ਭ੍ਰਮਿ ਭ੍ਰਮਿ ਖਪਿਆ ॥ (ਪੰਨਾ-1140)

ਅਸਲ ਵਿਚ ਇਸ ਮਾਇਕੀ ਮੰਡਲ ਦੇ ਅੰਧਕਾਰ ਵਿਚ ਜਨਮਾਂ-ਜਨਮਾਂ ਤੋਂ ਵਿਚਰਦਿਆਂ ਹੋਇਆਂ, ਇਸ ਝੂਠੀ ਦੁਨੀਆਂ ਦਾ ਵਿਸ਼ਵਾਸ ਅਥਵਾ ਭਰਮ— ਸਾਡੇ ਧੁਰ ਅੰਦਰ ਅੰਤਿਸ਼ਕਰਨ ਵਿਚ ਧੱਸ-ਵੱਸ-ਰਸ ਕੇ ਇਤਨਾ ਦ੍ਰਿੜ੍ਹ ਹੋ ਚੁਕਿਆ ਹੈ, ਕਿ ਅਸੀਂ ਏਸ ਝੂਠੀ ਦੁਨੀਆਂ ਨੂੰ ਹੀ ਅਸਲੀ, ਸੱਚੀ ਅਤੇ ਅਬਿਨਾਸੀ ਮੰਨੀ ਬੈਠੇ ਹਾਂ। ਇਸ ਤੋਂ ਪਰੇ ਹੋਰ ਕਿਸੇ ਮੰਡਲ ਦੀ ਬਾਬਤ ਸਾਡਾ ਗਿਆਨ ਅਤੇ ਨਿਸਚਾ—

ਸੁਣਿਆ-ਸੁਣਾਇਆ<br>
ਪੜ੍ਹਿਆ-ਪੜ੍ਹਾਇਆ<br>
ਸਮਝਿਆ-ਸਮਝਾਇਆ<br>
ਸਿਖਿਆ-ਸਿਖਾਇਆ<br>
ਓਪਰਾ ਜਿਹਾ

ਸਾਡੇ ਮਨ-ਬੁੱਧੀ ਤਾਂਈ ਹੀ ਸੀਮਤ ਰਹਿੰਦਾ ਹੈ। ਜੋ ਛੇਤੀ ਹੀ 'ਛਾਂਈ-ਮਾਂਈ' ਹੋ ਜਾਦਾਂ ਹੈ ਕਿਉਂਕਿ ਉਹ ਸਾਡੇ ਖਿਆਲਾਂ ਦੀ ਓਪਰੀ ਜੇਹੀ ਤਰੰਗ ਹੀ ਹੁੰਦੀ ਹੈ ਅਤੇ ਸਾਡੇ ਦੇਖਣ, ਮਾਨਣ ਅਥਵਾ ਤਜਰਬੇ ਵਿਚ ਨਹੀਂ ਆਉਂਦੀ।

ਜਦ ਅਸੀਂ ਗੁਰਬਾਣੀ ਵਿਚ—

'ਕੂੜੁ ਸਭ ਸੰਸਾਰ'<br>
'ਝੂਠੀ ਦੁਨੀਆਂ' ਯਾ<br>
'ਸਹਸਾ ਇਹੁ ਸੰਸਾਰੁ ਹੈ'

ਦੀਆਂ ਪੰਗਤੀਆਂ ਸੁਣਦੇ ਜਾਂ ਪੜ੍ਹਦੇ ਹਾਂ ਤਾਂ ਇਹਨਾਂ ਦੀ ਅਸੀਂ ਓਪਰੇ ਜਿਹੇ ਮਨ ਨਾਲ ਹੀ

'ਹਾਮੀ' ਭਰਦੇ ਹਾਂ। ਕਿਉਂਕਿ ਸਾਨੂੰ ਇਹਨਾਂ ਤੇ ਪੂਰਨ ਤੌਰ ਤੇ ਵਿਸ਼ਵਾਸ ਨਹੀਂ ਹੁੰਦਾ।

ਇਸ ਝੂਠੀ ਦੁਨੀਆਂ ਵਿਚ ਵਿਚਰਦਿਆਂ ਹੋਇਆਂ ਸਾਡਾ ਮਨ — ਹਰ ਪਲ, ਹਰ ਘੜੀ ਇਸੇ ਝੂਠੀ ਦੁਨੀਆਂ ਨਾਲ ਪਰਸਦਾ ਰਹਿੰਦਾ ਹੈ ਅਤੇ ਜਨਮਾਂ-ਜਨਮਾਂ ਦੇ ਇਸ 'ਅਭਿਆਸ' ਨਾਲ 'ਕੂੜਾ ਸੰਸਾਰ' ਹੀ ਸਾਡੇ ਮਨ, ਚਿਤ, ਬੁੱਧੀ ਅਤੇ ਅੰਤਿਸ਼ਕਰਨ ਵਿਚ ਰਚ-ਮਿਚ ਕੇ ਦ੍ਰਿੜ੍ਹ ਹੋ ਗਿਆ ਹੈ ਅਤੇ ਅਸੀਂ ਉਸੇ ਦਾ 'ਅਨਿਖੜਵਾਂ ਅੰਗ' ਅਥਵਾ 'ਜੀਵਨ ਰੂਪ' ਹੀ ਬਣ ਚੁਕੇ ਹਾਂ।

ਕੂੜੀ ਰਾਸਿ ਕੂੜਾ ਵਾਪਾਰੁ ॥
ਕੂੜੁ ਬੋਲਿ ਕਰਹਿ ਆਹਾਰੁ ॥
ਸਰਮ ਧਰਮ ਕਾ ਡੇਰਾ ਦੂਰਿ ॥
ਨਾਨਕ ਕੂੜੁ ਰਹਿਆ ਭਰਪੂਰਿ ॥ (ਪੰਨਾ-471)

ਮਾਇਆ ਮੋਹੁ ਸਭੁ ਕੂੜੁ ਹੈ ਕੂੜੋ ਹੋਇ ਗਇਆ ॥
ਹਉਮੈ ਝਗੜਾ ਪਾਇਓਨੁ ਝਗੜੈ ਜਗੁ ਮੁਇਆ ॥ (ਪੰਨਾ-790)

ਜਿਨ ਕੈ ਹਿਰਦੈ ਮੈਲੁ ਕਪਟੁ ਹੈ ਬਾਹਰੁ ਧੋਵਾਇਆ ॥
ਕੂੜੁ ਕਪਟੁ ਕਮਾਵਦੇ ਕੂੜੁ ਪਰਗਟੀ ਆਇਆ ॥
ਅੰਦਰਿ ਹੋਇ ਸੁ ਨਿਕਲੈ ਨਹ ਛਪੈ ਛਪਾਇਆ ॥ (ਪੰਨਾ-1243)

ਇਸ ਮਾਨਸਿਕ ਅਗਿਆਨਤਾ ਦੇ ਬੱਜਰ 'ਭਰਮ' ਦੇ ਅੰਧ ਗੁਬਾਰ ਵਿਚ ਹੀ ਅਸੀਂ ਆਪਣਾ ਜੀਵਨ ਬਤੀਤ ਕਰਦੇ ਹਾਂ। ਸਾਡੇ ਜੀਵਨ ਦੇ ਹਰ ਪੱਖ ਵਿਚ, ਹਰ ਵੇਲੇ, ਇਸੇ ਭਰਮ ਦਾ ਵਰਤ-ਵਰਤਾਰਾ ਅਤੇ ਬੋਲ ਬਾਲਾ ਹੈ ਜਿਸ ਵਿਚੋਂ ਨਿਕਲਨਾ ਅਤਿ ਕਠਨ ਹੈ।

ਇਸੇ ਤਰ੍ਹਾਂ 'ਜੀਵ' ਭਰਮ ਗੜ੍ਹ ਦੇ ਘੇਰੇ ਅਥਵਾ ਦਾਇਰੇ ਵਿਚ ਹੀ ਪਲਚ-ਪਲਚ ਕੇ ਆਵਾਗਵਨ ਦੇ ਚੱਕਰ ਵਿਚ ਅਪਣੀ ਜੋਤ-ਸਰੂਪੀ ਆਤਮਿਕ ਹਸਤੀ ਨੂੰ, ਮਾਇਆ ਦੇ 'ਅੰਧ ਗੁਬਾਰ' ਵਿਚ 'ਰੋਲਦੇ' ਅਤੇ ਖੁਆਰ ਕਰਦੇ ਹਨ।

ਪਰ, ਹੈਰਾਨੀ ਦੀ ਗੱਲ ਤਾਂ ਇਹ ਹੈ ਕਿ ਇਸ ਘੋਰ 'ਭਰਮ-ਗੜ੍ਹ' ਦੇ ਅੰਧਕਾਰ ਵਿਚ ਬੇਅੰਤ ਜਨਮਾਂ ਤੋਂ —

ਗਲਤਾਨ ਹੋ ਕੇ
ਪਲਚ-ਪਲਚ ਕੇ
ਖੁਆਰ ਹੋ ਕੇ
ਜਮਾਂ ਦੇ ਵੱਸ ਪੈ ਕੇ
ਆਵਾ-ਗਵਨ ਦੇ ਚੱਕਰ ਵਿਚ ਵਿਚਰਦੇ ਹੋਏ

ਭਿਆਨਕ ਦੁਖਦਾਈ ਤਜਰਬਿਆਂ ਵਿਚੋਂ ਲੰਘ ਕੇ

ਭੀ ਸਾਨੂੰ ਅਜੇ ਤਾਈਂ ਇਸ—

ਮਾਇਕੀ
ਦੁਖਦਾਈ
ਅਨਹੋਣੇ
ਝੂਠੇ
ਭਿਆਨਕ

'ਭਰਮ' ਦੀ ਬਾਬਤ 'ਸੋਝੀ' ਨਹੀਂ ਆਈ , ਅਤੇ ਇਸ ਬੱਜਰ 'ਭਰਮ-ਗੜ੍ਹ' ਵਿਚੋਂ ਨਿਕਲਣ ਦਾ—

ਖਿਆਲ ਹੀ ਨਹੀਂ ਆਇਆ
ਗਿਆਨ ਹੀ ਨਹੀਂ ਹੋਇਆ
ਲੋੜ ਹੀ ਨਹੀਂ ਭਾਸੀ
ਉਪਰਾਲਾ ਤਾਂ ਕੀ ਕਰਨਾ ਸੀ !!

ਭਰਮਿ ਭੁਲਾਣਾ ਸਬਦੁ ਨ ਚੀਨੈ ਜੂਐ ਬਾਜੀ ਹਾਰੀ ॥ (ਪੰਨਾ-1013)

ਮਨੁ ਕਠੋਰੁ ਦੂਜੈ ਭਾਇ ਲਾਗਾ ॥
ਭਰਮੇ ਭੂਲਾ ਫਿਰੈ ਅਭਾਗਾ ॥ (ਪੰਨਾ-1061)

ਮਾਇਆ ਮੂਠਾ ਚੇਤੈ ਨਾਹੀ ॥
ਭਰਮੇ ਭੂਲਾ ਬਹੁਤੀ ਰਾਹੀ ॥ (ਪੰਨਾ-372)

ਇਸ ਤੋਂ ਉਪਰੰਤ 'ਜੀਵ' ਲਈ ਇਹ ਬੜੀ 'ਨਿਮੋਸ਼ੀ' ਦੀ ਗੱਲ ਹੈ, ਕਿ 'ਧੁਰ ਕੀ ਬਾਣੀ' ਦੀ ਪ੍ਰੇਰਨਾ ਅਤੇ ਅਗਵਾਈ ਦੇ 'ਬਾਵਜੂਦ' ਅਸੀਂ ਇਸੇ ਮਾਇਕੀ 'ਭਰਮ-ਭੁਲਾਵੇ' ਦੇ ਅੰਧਕਾਰ ਵਿਚ ਗਲਤਾਨ 'ਹੋਣਾ ਹੀ' ਆਪਣੀ 'ਜੀਵਨ- ਸੇਧ' ਅਤੇ ਪਰਮ ਧਰਮ-ਕਰਮ ਹੀ ਸਮਝੀ ਬੈਠੇ ਹਾਂ ।

ਇਸ ਤਰ੍ਹਾਂ ਗੁਰੂ ਸਾਹਿਬਾਂ ਅਤੇ ਹੋਰ ਮਹਾਂਪੁਰਖਾਂ ਦੇ ਉਪਦੇਸ਼ਾਂ ਅਤੇ ਤਾੜਨਾ ਵਲੋਂ—'ਢੀਠ' ਹੋ ਕੇ , ਘੇਸਲ ਵੱਟ ਛਡਦੇ ਹਾਂ ਜਾਂ 'ਮਚਲੇ' ਹੋ ਕੇ ਆਪਣੀ ਪੁਰਾਣੀ ਮਾਇਕੀ 'ਜੀਵਨ ਰੋੜ੍ਹ' ਵਿਚ ਅੰਨ੍ਹੇਵਾਹ ਰੁੜ੍ਹੀ ਜਾਣ ਨੂੰ ਹੀ ਆਪਣੀ 'ਸਿਆਣਪ' ਅਤੇ 'ਵਡਿਆਈ' ਸਮਝਦੇ ਹਾਂ ਅਤੇ ਇਹਨਾਂ 'ਭਰਮ-ਮਈ' ਵਿਦਿਅਕ, ਵਿਗਿਆਨਕ ਅਤੇ ਧਾਰਮਿਕ 'ਪ੍ਰਾਪਤੀਆਂ' ਉਤੇ ਹੀ ਆਫ਼ਰੇ ਫਿਰਦੇ ਹਾਂ ।

ਮਨ ਤੂੰ ਮਤ ਮਾਣੁ ਕਰਹਿ ਜਿ ਹਉ ਕਿਛੁ ਜਾਣਦਾ

ਗੁਰਮੁਖਿ ਨਿਮਾਣਾ ਹੋਹੁ ॥

ਅੰਤਰਿ ਅਗਿਆਨੁ ਹਉ ਬੁਧਿ ਹੈ ਸਚਿ ਸਬਦਿ ਮਲੁ ਖੋਹੁ॥ (ਪੰਨਾ-441)

ਸੁਣਿ ਬਾਵਰੇ ਤੂ ਕਾਏ ਦੇਖਿ ਭੁਲਾਨਾ ॥
ਸੁਣਿ ਬਾਵਰੇ ਨੇਹੁ ਕੂੜਾ ਲਾਇਓ ਕੁਸੰਭ ਰੰਗਾਨਾ ॥ (ਪੰਨਾ-777)

ਪੰਡਿਤ ਇਸੁ ਮਨ ਕਾ ਕਰਹੁ ਬੀਚਾਰੁ ॥
ਅਵਰੁ ਕਿ ਬਹੁਤਾ ਪੜਹਿ ਉਠਾਵਹਿ ਭਾਰੁ ॥ (ਪੰਨਾ-1261)

ਅਸਲ ਵਿਚ, ਮਾਨਸਿਕ ਅਗਿਆਨਤਾ ਦੇ 'ਭਰਮ' ਵਿਚ ਵਿਚਰਨਾ ਹੀ, ਸਾਡਾ ਅਖੌਤੀ—

ਧਰਮ
ਜੀਵਨ-ਸੇਧ
ਪਰਮਾਰਥ
ਕਰਮ-ਕ੍ਰਿਆ

ਬਣ ਚੁਕਿਆ ਹੈ ਅਤੇ ਹਉਮੈ ਵਿਚ ਕੀਤੇ ਹੋਏ ਬਾਕੀ ਸਭ 'ਧਰਮ-ਕਰਮ' ਅਤੇ ਪਾਠ-'ਪੂਜਾ' ਭੀ—

ਓਪਰੇ
ਫੋਕੇ
ਰੁੱਖੇ-ਸੁੱਖੇ
ਮਨ ਦੀ ਝੂਠੀ ਤਸੱਲੀ
ਦਿਖਾਵੇ ਮਾਤ੍ਰ ਅਤੇ
ਪਾਖੰਡ

ਹੀ ਬਣ ਕੇ ਰਹਿ ਜਾਂਦੇ ਹਾਂ ।

ਹਉ ਹਉ ਕਰਤੇ ਕਰਮ ਰਤ ਤਾ ਕੋ ਭਾਰੁ ਅਫਾਰ ॥
ਪ੍ਰੀਤਿ ਨਹੀ ਜਉ ਨਾਮ ਸਿਉ ਤਉ ਏਊ ਕਰਮ ਬਿਕਾਰ ॥ (ਪੰਨਾ-252)

ਹਉ ਵਿਚਿ ਸਚਿਆਰੁ ਕੂੜਿਆਰੁ ॥
ਹਉ ਵਿਚਿ ਪਾਪ ਪੁੰਨ ਵੀਚਾਰੁ ॥ (ਪੰਨਾ-466)

ਇਹੀ ਕਾਰਣ ਹੈ ਕਿ ਅਸੀਂ ਅਜੇ ਤਾਈਂ ਇਸ ਮਾਨਸਿਕ 'ਭਰਮ' ਵਿਚੋਂ ਨਿਕਲ ਨਹੀਂ

ਸਕੇ, ਅਤੇ ਤ੍ਰੈ-ਗੁਣੀ ਝੂਠੇ ਮਾਇਕੀ 'ਭਰਮ-ਗੜ੍ਹ' ਵਿਚ ਹੀ ਗਲਤਾਨ ਹੋ ਕੇ, ਪਲਚ-ਪਲਚ ਕੇ, ਆਪਣਾ ਅਮੋਲਕ ਜੀਵਨ ਅਜਾਈਂ ਗਵਾ ਰਹੇ ਹਾਂ।

ਮਨੁ ਮਾਇਆ ਮੈ ਫਧਿ ਰਹਿਓ ਬਿਸਰਿਓ ਗੋਬਿੰਦ ਨਾਮੁ ॥
ਕਹੁ ਨਾਨਕ ਬਿਨੁ ਹਰਿ ਭਜਨ ਜੀਵਨ ਕਉਨੇ ਕਾਮ ॥ (ਪੰਨਾ-1428)

ਸਗਲ ਜਨਮ ਭਰਮ ਹੀ ਭਰਮ ਖੋਇਓ ਨਹ ਅਸਥਿਰੁ ਮਤਿ ਪਾਈ ॥
ਬਿਖਿਆ ਸਕਤ ਰਹਿਓ ਨਿਸ ਬਾਸੁਰ ਨਹ ਛੂਟੀ ਅਧਮਾਈ ॥ (ਪੰਨਾ-632)

ਐਸੇ ਭਰਮਿ ਭੁਲੇ ਸੰਸਾਰਾ ॥
ਜਨਮੁ ਪਦਾਰਥੁ ਖੋਇ ਗਵਾਰਾ ॥ (ਪੰਨਾ-676)

ਜਨਮੁ ਪਦਾਰਥੁ ਦੁਬਿਧਾ ਖੋਵੈ ॥
ਆਪੁ ਨ ਚੀਨਸਿ ਭ੍ਰਮਿ ਭ੍ਰਮਿ ਰੋਵੈ ॥ (ਪੰਨਾ-686)

(ਚਲਦਾ.......)